# ਖ਼ੁਦਕੁਸ਼ੀ ਨਹੀਂ, ਸੰਘਰਸ਼ ਸਾਡਾ ਨਾਅਰਾ ਹੈ

ਭਾਨ ਕੌਰ : ਉਹਦੀ ਘਰਵਾਲੀ
ਹਰਨੇਕ : ਉਹਦਾ ਪੁੱਤਰ
ਅਰਜਨ : ਉਹਦਾ ਦੋਸਤ

ਕਿਹਰ ਸਿੰਘ : ਭਾਨ ਕੌਰੇ ਇਕ ਅੜਚਣ ਜਿਹੀ ਆ ਗਈ ਏ।

ਭਾਨ ਕੌਰ : ਅੜਚਣ ?

ਕਿਹਰ ਸਿੰਘ : ਮੁੰਡੇ ਨੇ ਅੱਜ ਸਿੱਧਾ ਹੀ ਕਹਿ ਦਿੱਤਾ ਏ ਕਿ ਵਿਆਹ ਕਰੂੰ ਤਾਂ ਦੀਪੋ ਨਾਲ ਕਰੂੰ, ਨਹੀਂ ਤਾਂ ਸਾਰੀ ਉਮਰ ਕੁਆਰਾ ਰਹੂੰ।

ਭਾਨ ਕੌਰ : ਇਹਦੇ ਵਿਚ ਅੜਚਣ ਕਾਹਦੀ ਏ ?

ਕਿਹਰ ਸਿੰਘ : ਕਿਉਂ ਤੇਰੇ ਭਾਣੇ ਕੋਈ ਅੜਚਣ ਨਹੀਂ ?

ਭਾਨ ਕੌਰ : ਨਹੀਂ।

ਕਿਹਰ ਸਿੰਘ : ਕਿਉਂ ?

ਭਾਨ ਕੌਰ : ਦੀਪੋ ਇਸ ਘਰ 'ਚ ਕੋਈ ਬਿਗਾਨੀ ਨਹੀਂ।

ਕਿਹਰ ਸਿੰਘ : ਅੜਚਣ ਹੀ ਇਹੋ ਏ ਕਿ ਉਹ ਬਿਗਾਨੀ ਨਹੀਂ, ਆਪਣੀਆਂ ਧੀਆਂ ਵਰਗੀ ਨੂੰ ਅਰਜਨ ਹੁਣ ਭਾਵੇਂ ਮੇਰੇ ਨਾਲ ਸੀਰੀਂ ਨਹੀਂ ਪਰ ਉਹ ਹਮੇਸ਼ਾਂ ਮੇਰੇ ਭਰਾਵਾਂ ਵਰਗਾ ਦੋਸਤ ਰਿਹਾ ਏ। ਸੀਰ ਕਰਦਾ ਸੀ ਉਦੋਂ ਵੀ ਤੇ ਹੁਣ ਜਦੋਂ ਪੱਲੇਦਾਰੀ ਕਰਦਾ ਹੈ, ਹੁਣ ਵੀ।

ਭਾਨ ਕੌਰ : ਆਹੋ, ਤੁਸੀਂ ਸਾਰੇ ਦੁੱਖ-ਸੁੱਖ ਇਕੱਠੇ ਕੱਟੇ।

ਕਿਹਰ ਸਿੰਘ : ਹੋਰ ਕੀ ? ਖੇਤਾਂ ਵਿਚ ਫ਼ਸਲ ਰੱਜ ਕੇ ਹੋਈ ਤਾਂ ਵੀ 'ਕੱਠੇ ਭੰਗੜੇ ਪਾਏ, ਜਦੋਂ ਗੜਿਆਂ ਦੀ ਮਾਰ ਪਈ ਤਾਂ 'ਕੱਠਿਆਂ ਨੇ ਧਾਹ ਮਾਰੀ।

ਭਾਨ ਕੌਰ : ਆਹੋ ਤੇ ਪੀਤੀ ਵੀ ਹਮੇਸ਼ਾਂ 'ਕੱਠੇ। ਬਹੁਤੀ ਫ਼ਸਲ ਹੋਈ ਤਾਂ ਗ਼ਮ ਗਲਤ ਕਰਨ ਲਈ... ਤੇ ਮੇਰੀ ਸੁਣ, ਦੀਪੀ ਨੂੰ ਮੈਂ ਹਮੇਸ਼ਾਂ ਧੀ ਵਾਂਗ ਹੀ ਜਾਣਿਆ ਏ। ਨਿੱਕੇ ਹੁੰਦਿਆਂ ਮਾਂ ਨਾਲ ਆਉਂਦੀ ਸੀ, ਮੈਂ ਉਹਨੂੰ ਗੋਹਾ ਕੂੜਾ ਨਹੀਂ ਕਰਨ ਦਿੱਤਾ ਸੀ। ਹਰਨੇਕ ਨਾਲ ਖੇਡਦੀ ਸੀ। ਪੜ੍ਹਣੇ ਵੀ ਉਹਦੇ ਨਾਲ ਹੀ ਗਈ। ਮਾਂ ਉਹਦੀ ਕਹਿੰਦੀ, ਸਰਦਾਰਨੀਏ ਨਾ ਵਿਗਾੜ ਇਹਨੂੰ, ਆਖ਼ਰ ਤਾਂ ਇਹਨੇ ਇਹੀ ਕੰਮ ਕਰਨਾ ਏ... ਮੈਂ ਕਹਿੰਦੀ ਇਹ ਕਿਉਂ ਕਰਨਾ ਏ ? ਹੁਣ ਉਹ ਕਰਮਾਂ ਵਾਲੀ ਜਿਉਂਦੀ ਹੁੰਦੀ ਤਾਂ ਕਿੰਨਾ ਖੁਸ਼ ਹੁੰਦੀ ਕਿ ਉਹਦੀ ਧੀ ਸਕੂਲ ਵਿਚ ਅੱਵਲ ਆਈ ਏ ਤੇ ਕਾਲਜ ਵੀ ਪੜ੍ਹਦੀ ਏ।

ਕਿਹਰ ਸਿੰਘ : ਭਲਾ ਕੋਈ ਸੋਚ ਸਕਦਾ ਸੀ ਕਿ ਗੋਹਾ ਕੂੜਾ ਕਰਨ ਵਾਲੀ ਮਾਂ ਦੀ ਧੀ ਕਾਲਜਾਂ ਵਿਚ ਪੜ੍ਹੇਗੀ ? ਉਂਝ ਇਹਦੇ ਵਿਚ ਅਰਜਨ ਦੀ ਵੀ ਬੜੀ ਹਿੰਮਤ ਏ... ਹੁਣ ਤਾਂ ਉਹ ਕਾਮਰੇਡ ਅਰਜਨ ਸਿੰਘ ਏ, ਪੱਲੇਦਾਰ ਯੂਨੀਅਨ ਦਾ ਪ੍ਰਧਾਨ... ਵਾਹ ਬਈ ਅਰਜਨਾ ਜਿਉਂਦਾ ਰਹਿ।ਪਰ ਭਾਨ ਕੌਰੇ, ਹਰਨੇਕ ਨੇ ਜੋ ਗੱਲ ਕਹੀਏ, ਉਹ ਤਾਂ ਮੁਸ਼ਕਲ ਏ।

ਭਾਨ ਕੌਰ : ਕਿਉਂ ਮੁਸ਼ਕਲ ਕਿਉਂ ਏ ?

ਕਿਹਰ ਸਿੰਘ : ਮੁਸ਼ਕਲ ਇਹ ਵੇ ਕਿ ਦੀਪੋ ਜੱਟਾਂ ਦੀ ਧੀ ਨਹੀਂ, ਲੋਕੀ ਆਖਣਗੇ ਕਿ ਜੱਟ ਨੇ ਮਜ਼ੂਰਾਂ ਦੀ ਧੀ ਨਾਲ ਮੁੰਡਾ ਵਿਆਹ ਦਿੱਤਾ।

ਭਾਨ ਕੌਰ : ਇਹ ਕਿਹੜੇ ਗਰੰਥ ਵਿਚ ਲਿਖਿਆ ਏ ਕਿ ਜੱਟਾਂ ਦਾ ਮੁੰਡਾ ਮਜ਼ੂਰਾਂ ਦੀ ਧੀ ਨਾਲ ਵਿਆਹ ਨਹੀਂ ਕਰ ਸਕਦਾ ? ਜੱਟਾਂ ਨੂੰ ਜਿਹੜੇ ਫੁੰਮਣ ਲੱਗੇ ਹੋਏ ਨੇ, ਉਹ ਮੇਰੇ ਕੋਲੋਂ ਲੁਕੇ ਨਹੀਂ ਹੋਏ।

ਕਿਹਰ ਸਿੰਘ : ਤੂੰ ਤਾਂ ਗੱਲ ਨੂੰ ਹੋਰ ਪਾਸੇ ਲੈ ਜਾਨੀਂ ਏ, ਮੈਂ ਕਦੋਂ ਆਖਿਆ ਕਿ ਜੱਟਾਂ ਨੂੰ ਫੁੰਮਣ ਲੱਗੇ ਹੋਏ ਨੇ। ਗੱਲ ਗਰੰਥ ਦੀ ਨਹੀਂ ਹੁੰਦੀ ਰੀਤੀ ਰਿਵਾਜ਼ਾਂ ਦੀ ਹੁੰਦੀ ਏ, ਲੋਕਾਂ ਦੀ ਹੁੰਦੀ ਏ।

ਭਾਨ ਕੌਰ : ਰੀਤੀ ਰਿਵਾਜ ਹਰਨੇਕ ਦੇ ਬਾਪੂ ਹੁਣ ਸਭ ਬਦਲ ਗਏ ਨੇ। ਸਾਡੇ ਵਰਗੀ ਛੋਟੀ ਕਿਸਾਨੀ ਤਾਂ ਉਵੇਂ ਭੁੰਜੇ ਲੱਥੀ ਹੋਈ ਏ।ਮੈਂ ਤਾਂ ਕਹਿਨੀ ਹਾਂ ਕਿ ਸਾਡੇ ਨਾਲੋਂ ਮਜ਼ੂਰ ਸਗੋਂ ਚੰਗੇ ਨੇ, ਜਿਹੜੇ ਦਿਹਾੜੀ ਕਰਦੇ ਨੇ ਤੇ ਰਾਤ ਸੁੱਖ ਦੀ ਨੀਂਦ ਸੌਂਦੇ ਨੇ। ਨਾ ਹੀ ਕੋਈ ਭਾੜੇ, ਕਰਜ਼ਿਆਂ ਦਾ ਫਿਕਰ, ਨਾ ਹੀ ਖੜੀ ਫ਼ਸਲ ’ਤੇ ਗੜ੍ਹੇ ਪੈਣ ਦਾ ਫਿਕਰ ਤੇ ਨਾ ਹੀ ਮੰਡੀ ਵਿਚ ਫ਼ਸਲ ਰੁੱਲਣ ਦਾ ਫਿਕਰ।

ਕਿਹਰ ਸਿੰਘ : ਨਾ ਹੁਣ ਤਾਂ ਤੂੰ ਬਾਹਲੀ ਸਿਆਣੀ ਹੋ ਗਈ ਏਂ। ਕਾਮਰੇਡਾਂ ਵਾਕੁਣ ਗੱਲਾਂ ਕਰਦੀ ਏਂ, ਮੁੰਡੇ ਨੇ ਤਾਂ ਤੈਨੂੰ ਇਹ ਗੱਲਾਂ ਨਹੀਂ ਦੱਸੀਆਂ ?

ਭਾਨ ਕੌਰ : ਮੁੰਡੇ ਨੇ ਵੀ ਦੱਸੀਆਂ ਨੇ ਤੇ ਤੇਰੇ ਫਿਕਰਾਂ ਨੇ ਵੀ ਦੱਸੀਆਂ ਨੇ, ਹਰ ਵੇਲੇ ਫਿਕਰਾਂ ਵਿਚ ਹੀ ਡੁੱਬਿਆ ਰਹਿੰਨਾ ਏਂ... ਰਾਤੀਂ ਵੀ ਪਾਸੇ ਮਾਰਦਾ ਰਹਿੰਨਾ ਏਂ।

ਕਿਹਰ ਸਿੰਘ : ਫਿਕਰਾਂ ਵਿਚ ਡੁੱਬਿਆ ਰਹਿਣਾ ਹਾਂ ਕਿਉਂਕਿ ਸਿਰ ’ਤੇ ਕਰਜ਼ਿਆਂ ਦੀ ਪੰਡ ਖਲੋਤੀ ਏ, ਰਾਤੀਂ ਵੀ ਇਸ ਕਰਕੇ ਨੀਂਦ ਨਹੀਂ ਆਉਂਦੀ। ਹੁਣ ਤਾਂ ਹਿਸਾਬ ਲਗਾਉਂਦਾ ਹਾਂ ਕਿ ਜਿੰਨੇ ਦੀ ਜ਼ਮੀਨ ਨਹੀਂ, ਇਸ ਤੋਂ ਵੱਧ ਸਿਰ ’ਤੇ ਕਰਜ਼ਾ ਖਲੋਤਾ ਏ। ਬੈਂਕ ਦੀਆਂ ਕਿਸਤਾਂ ਤਾਰੀਆਂ ਨਹੀਂ ਜਾਂਦੀਆਂ। ਹਰ ਵੇਲੇ ਡਰ ਰਹਿੰਦਾ ਏ ਕਿ ਕਦੋਂ ਬੈਂਕ ਵਾਲੇ ਪੁਲਿਸ ਨੂੰ ਨਾਲ ਲੈ ਕੇ ਬੂਹੇ ’ਤੇ ਖਲੋਣ। ਆਪੇ ਰੱਬ ਭਲੀ ਕਰੂ।

ਭਾਨ ਕੌਰ : ਅਕਾਲੀਆਂ ਦਾ ਜਦੋਂ ਰਾਜ ਆਇਆ ਸੀ ਤਾਂ ਕਹਿੰਦੇ ਸੀ ਕਿ ਹੁਣ ਕਿਸਾਨਾਂ ਦੇ ਹਿੱਤ ਦੀ ਸਰਕਾਰ ਆਈ ਏ, ਪਰ ਕਿਸਾਨਾਂ ਦਾ ਕੁਝ ਨਹੀਂ ਬਣਿਆ।

ਕਿਹਰ ਸਿੰਘ : ਕਿਸਾਨਾਂ ਦੇ ਹਿੱਤ ਦੀ ਨਾ ਕਹੋ, ਸਗੋਂ ਸਰਦਾਰਾਂ ਦੀ ਕਹੋ ਤੇ ਸਰਦਾਰਾਂ ਦਾ ਬਣ ਵੀ ਗਿਆ ਏ, ਐਵੇਂ ਤਾਂ ਨਹੀਂ ਵੱਡੀਆਂ ਵੱਡੀਆਂ ਕੋਠੀਆਂ ਪੈ ਗਈਆਂ। ਸੰਗਮਰਮਰ ਦੇ ਫਰਸ਼, ਬੰਦਾ ਤੁਰੇ ਤਾਂ ਤਿਲਕ ਤਿਲਕ ਜਾਏ, ਸੇਠਾਂ ਦੇ ਚੁਬਾਰੇ ਮੰਡੀਆਂ ਵਿਚ ਪੈ ਗਏ ਨੇ ਤੇ ਸਰਦਾਰਾਂ ਦੀਆਂ ਕੋਠੀਆਂ ਪਿੰਡਾਂ ਵਿਚ ਪੈ ਗਈਆਂ ਨੇ। ਮੇਰਾ ਤਾਂ ਕਦੀ ਕਦੀ ਦਿਲ ਕਰਦਾ ਏ ਕਿ ਸਭ ਕੁਝ ਛੱਡ ਕੇ ਅਰਜਨ ਵਾਂਗ ਪੱਲੇਦਾਰੀ ਕਰ ਲਵਾਂ।

ਭਾਨ ਕੌਰ : ਕਿਥੋਂ ਕਰੇਂਗਾ ? ਜੱਟ ਵਾਲੀ ਪੂਛ ਜੋ ਲੱਗੀ ਏ। ਇਹ ਕਿਥੋਂ ਕਰਨ ਦੇਵੇਗੀ ਮਜ਼ੂਰੀ ?... ਤੇਰੀ ਜੋ ਮਰਜ਼ੀ ਆਵੇ ਕਰ ਲੈ, ਪਰ ਮੇਰੀ ਇਕ ਗੱਲ ਸੁਣ ਲੈ, ਦੀਪੀ ਵਾਲੀ ਗੱਲ ਬਾਰੇ ਮੈਂ ਮੁੰਡੇ ਦੇ ਨਾਲ ਹਾਂ।

ਕਿਹਰ ਸਿੰਘ : ਤੂੰ ਮੁੰਡੇ ਦੇ ਨਾਲ ਏ ਤਾਂ ਮੈਂ ਕਿਹੜਾ ਨਾਲ ਨਹੀਂ ਹਾਂ।

ਭਾਨ ਕੌਰ : ਫੇਰ ਇਹ ਸਾਰੀ ਭਕਾਈ ਕਿਉਂ ਮਾਰਦਾ ਸੀ।

ਕਿਹਰ ਸਿੰਘ : ਉਹ ਤਾਂ ਤੈਨੂੰ ਪਰਖਦਾ ਸੀ ਰੀਤੀ ਰਿਵਾਜ਼ ਤੋਂ ਥੋੜੀ ਗੱਲ ਵੀ ਪਰੇ ਹੋਵੇ, ਤਾਂ ਤੁਸੀਂ ਤੀਵੀਆਂ ਹੀ ਬਹੁਤਾ ਰੌਲਾ ਪਾਉਂਦੀਆਂ ਹੋ।

ਭਾਨ ਕੌਰ : ਇਹ ਵੀ ਤੁਹਾਡੀ ਮਰਦਾਂ ਦੀ ਗੱਲ ਬਣਾਈ ਹੋਏ ਏ ਤੇ ਇਹ ਦੱਸਣਾ ਭੁੱਲ ਗਈ, ਤੇਰੇ ਪਿਛੋਂ ਚੌਕੀਦਾਰ ਆਇਆ ਸੀ, ਸਰਪੰਚ ਹੋਰਾਂ ਨੇ ਤੈਨੂੰ ਬੁਲਾ ਭੇਜਿਆ ਏ।

ਕਿਹਰ ਸਿੰਘ : (ਫਿਕਰ ਵਿਚ) ਕਿਉਂ ਬੁਲਾ ਭੇਜਿਆ ਏ ? ਦੱਸਿਆ ਨਹੀਂ ਉਹਨੇ ?

ਭਾਨ ਕੌਰ : ਨਹੀਂ, ਪਰ ਤੂੰ ਘਬਰਾ ਕਿਉਂ ਗਿਆ ਏਂ ?

ਕਿਹਰ ਸਿੰਘ : ਨਹੀਂ ਕੋਈ ਗੱਲ ਨਹੀਂ।

ਭਾਨ ਕੌਰ : ਕੋਈ ਗੱਲ ਤਾਂ ਜ਼ਰੂਰ ਏ।

ਕਿਹਰ ਸਿੰਘ : ਪਿਛਲੀ ਵਾਰ ਜਦੋਂ ਬੈਂਕ ਵਾਲੇ ਆਏ ਸਨ ਤਾਂ ਸਰਪੰਚ ਹੁਰਾਂ ਨੇ ਹੀ ਜ਼ਾਮਨੀ ਦਿੱਤੀ ਸੀ ਤੇ ਲਗਦਾ ਹੈ ਹੁਣ ਵੀ ਉਹ ਆਏ ਹੋਣੇ ਨੇ, ਸਰਪੰਚ ਹੋਰਾਂ ਨੇ ਉਹੀ ਗੱਲ ਕਰਨੀ ਹੋਣੀ ਏ। ਕਿਸ਼ਤ ਦੇਵਾਂਗੇ ਤਾਂ ਕਿਥੋਂ ਦੇਵਾਂਗਾ ?

*(ਹਰਨੇਕ ਦੀ ਆਮਦ ਦਾ ਖੜਾਕ)*

ਭਾਨ ਕੌਰ : ਅੱਛਾ ਹੁਣ ਹਰਨੇਕ ਦੇ ਸਾਹਮਣੇ ਨਾ ਕੋਈ ਬੈਂਕ ਦੇ ਕਰਜ਼ੇ ਵਾਲੀ ਗੱਲ ਕਰੀਂ। (ਹਰਨੇਕ ਆਉਂਦਾ ਹੈ)

ਹਰਨੇਕ : ਬੀਬੀ ਅੱਜ ਚਾਚਾ ਅਰਜਨ ਤਾਂ ਨਹੀਂ ਸੀ ਆਇਆ ?

ਭਾਨ ਕੌਰ : ਕਿਉਂ ਉਹਨੇ ਆਉਣਾ ਸੀ ?

ਹਰਨੇਕ : ਆਹੋ, ਕਹਿੰਦਾ ਸੀ ਬਾਪੂ ਹੋਰਾਂ ਨੂੰ ਮਿਲਣਾ ਏ।

ਕਿਹਰ ਸਿੰਘ : ਮੈਨੂੰ ਪਤਾ ਏ ਜਿਹੜੇ ਕੰਮ ਲਈ ਮਿਲਣਾ ਏ। ਸ਼ੇਰਾ, ਤੇਰਾ ਕੰਮ ਹੋ ਗਿਆ ਏ। ਤੇਰੀ ਬੀਬੀ ਨੇ ਵੀ ਹਾਂ ਕਰ ਦਿੱਤੀ ਏ।

ਭਾਨ ਕੌਰ : ਦੀਪੀ ਇਸ ਘਰ ਵਿਚ ਆਵੇ ਇਹ ਤਾਂ ਖੁਸ਼ੀ ਵਾਲੀ ਗੱਲ ਹੋਵੇਗੀ।

ਕਿਹਰ ਸਿੰਘ : ਤੇਰੇ ਹੱਥ ਵਿਚ ਅਖ਼ਬਾਰ ਏ, ਇਹਦੀ ਅੱਜ ਦੀ ਕੋਈ ਨਵੀਂ ਖ਼ਬਰ ਕੀ ਏ ? ਪਾਕਿਸਤਾਨ ਤੇ ਹਿੰਦੁਸਤਾਨ ਦੀ ਕਦੋਂ ਲੜਾਈ ਹੋਣੀ ਏਂ ?

ਹਰਨੇਕ : ਕਿਉਂ ਬਾਪੂ ਤੂੰ ਇਹ ਕਿਉਂ ਪੁੱਛਦਾ ਏਂ ?

ਕਿਹਰ ਸਿੰਘ : 52 ਸਾਲ ਹੋ ਗਏ ਨੇ, ਇਨ੍ਹਾਂ ਨੂੰ ਇਕ ਦੂਜੇ ਨਾਲ ਖਈਆ ਲੈਂਦੇ, ਹੁਣ ਤਾਂ ਦੋਵਾਂ ਕੋਲ ਐਟਮ ਬੰਬ ਨੇ। ਇਕ-ਇਕ ਬੰਬ ਸੁੱਟਣ ਤੇ ਸਿਆਪਾ ਮੁੱਕੇ। ਉਂਝ ਵੀ ਦੋਨੋਂ ਪਾਸੇ ਦੇ ਲੋਕ ਕਿਹੜਾ ਕੋਈ ਜ਼ਿੰਦਗੀ ਜਿਉਂਦੀ ਪਏ ਨੇ ?

ਹਰਨੇਕ : ਬਾਪੂ, ਜੰਗ ਦੀ ਖ਼ਬਰ ਤਾਂ ਨਹੀਂ। ਇਕ ਖ਼ਬਰ ਏ ਕਿ ਸੰਗਰੂਰ ਜ਼ਿਲ੍ਹੇ ਦੇ ਇਕ ਸਾਬਕਾ ਸਰਪੰਚ ਨੇ ਆਤਮ ਹੱਤਿਆ ਕਰ ਲਈ ਏ, ਕਿਉਂਕਿ ਉਹ ਬੈਂਕਾਂ ਦਾ ਸ਼ਾਹ ਦਾ ਕਰਜਾ ਨਹੀਂ ਦੇ ਸਕਦਾ ਸੀ। ਟਰੈਕਟਰ ਦੀ ਕਿਸ਼ਤ ਨਹੀਂ ਦੇ ਸਕਦਾ ਸੀ।

ਕਿਹਰ ਸਿੰਘ : (ਉੱਠਦੇ ਹੋਏ) ਉਹ ਹੋਰ ਕਰ ਵੀ ਕੀ ਸਕਦਾ ਸੀ ? ਅੱਛਾ ਮੈਂ ਸਰਪੰਚ ਵੱਲ ਹੋ ਆਵਾਂ, ਅਰਜਨ ਆਵੇ ਤਾਂ ਕਹਿਣਾ ਮੈਂ ਜਲਦੀ ਆ ਜਾਵਾਂਗਾ।

*(ਬੜੇ ਭਾਰੇ ਕਦਮਾਂ ਨਾਲ ਬਾਹਰ ਜਾਂਦਾ ਹੈ।)*

ਹਰਨੇਕ : ਬੀਬੀ, ਬਾਪੂ ਦਾ ਚਿੱਤ ਰਾਜ਼ੀ ਨਹੀਂ ਲਗਦਾ, ਕਿਉਂ ਸਰਪੰਚ ਵੱਲੋਂ ਕੋਈ ਮਾੜਾ ਸੁਨੇਹਾ ਆਇਆ ਏ ?

ਭਾਨ ਕੌਰ : ਪਤਾ ਨਹੀਂ ਕੀ ਸੁਨੇਹਾ ਆਇਆ ਏ। ਬਾਪੂ ਤੇਰਾ ਤਾਂ ਹੁਣ ਫਿਕਰਾਂ ਵਿਚ ਹੀ ਡੁੱਬਿਆ ਰਹਿੰਦਾ ਏ। ਪਹਿਲੇ ਕਰਜ਼ੇ ਕੀ ਲਹਿਣੇ ਸਨ, ਹੋਰ ਚੜ੍ਹ ਗਏ ਨੇ। ਐਤਕੀ ਤਾਂ ਕਿਸਾਨਾਂ ਦਾ ਬਿਲਕੁਲ ਹੀ ਕਚੂੰਮਰ ਨਿਕਲ ਗਿਆ ਏ।

ਹਰਨੇਕ : ਹਾਂ ਮਾਂ ਅਖ਼ਬਾਰਾਂ ਵਿਚ ਹੁਣ ਰੋਜ਼ ਇਹੋ ਕੁਝ ਆਉਂਦਾ ਏ। ਜੋ ਮੰਦਾ ਹਾਲ ਪੰਜਾਬੀ ਕਿਸਾਨੀ ਦਾ ਹੁਣ ਹੋਇਆ ਏ ਕਹਿੰਦੇ ਨੇ ਉਹ ਇਤਿਹਾਸ ਵਿਚ ਅੱਗੇ ਕਦੀ ਨਹੀਂ ਹੋਇਆ। ਕਰਜ਼ਿਆਂ ਦੇ ਭਾਰ ਥੱਲੇ ਦੱਬੇ ਕਿਸਾਨ ਹੁਣ ਕਦੇ ਨਹੀਂ ਉੱਠ ਸਕਣਗੇ।

ਭਾਨ ਕੌਰ : ਆਹੋ ਪੁੱਤਰਾ ਹੁਣ ਤਾਂ ਵੇਖਦਿਆਂ ਵੇਖਦਿਆਂ ਹੀ ਸਭ ਕੁਝ ਬਦਲ ਗਿਆ ਏ। ਅੱਗੇ ਕਿਸਾਨ ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਝੱਲ

ਜਾਂਦਾ ਸੀ। ਖੇਤੀ ਦਾ ਚੱਕਰ ਇਕ ਸਾਦਾ ਚੱਕਰ ਸੀ। ਕਿਸਾਨ ਪਿੱਛਲੀ ਫ਼ਸਲ ਤੋਂ ਸਾਂਭਿਆ ਘਰੋਂ ਬੀਜ ਪਾਉਂਦਾ ਸੀ। ਵਾਹੀ ਕਰਦਾ ਸੀ, ਖੂਹ ਗੇੜ ਕੇ ਪਾਣੀ ਦੇਂਦਾ ਸੀ, ਮੀਂਹ ਪੈਂਦਾ ਸੀ, ਗਾਉਂਦਾ ਸੀ... ਰੱਬਾ ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ... ਘਰ ਦੇ ਗੋਹੇ ਕੂੜੇ ਦੀ ਰੂੜੀ ਪਾਉਂਦਾ ਸੀ। ਬੜਾ ਥੋੜਾ ਖਰਚ ਸੀ। ਕੁਦਰਤੀ ਆਫ਼ਤ ਆ ਵੀ ਜਾਂਦੀ, ਨੁਕਸਾਨ ਬਰਦਾਸ਼ਤ ਹੋ ਜਾਂਦਾ ਸੀ। ਕਿਸਾਨ ਸਬਰ ਕਰਦਾ ਸੀ, ਭਾਣਾ ਮੰਨ ਕੇ ਫੇਰ ਮਿਹਨਤ ਕਰਦਾ ਸੀ, ਪਰ ਹੁਣ ਖਰਚ ਇੰਨੇ ਵੱਧ ਗਏ ਨੇ ਕਿ ਕੁਦਰਤੀ ਆਫ਼ਤ ਆ ਜਾਏ ਤਾਂ ਕਿਸਾਨ ਫੇਰ ਉਮਰ ਭਰ ਨਹੀਂ ਉੱਠ ਸਕਦਾ। ਤੇਰੀ ਅਖ਼ਬਾਰ ਵਿਚ ਭਾਵੇਂ ਲਿਖਿਆ ਏ ਕਿ ਨਹੀਂ, ਪਰ ਅਸੀਂ ਕਦੀ ਨਹੀਂ ਸੁਣਿਆ ਸੀ ਕਿ ਕਦੀ ਕੋਈ ਕਿਸਾਨ ਆਪਣੇ ਹੱਥੀਂ ਆਪਣੀ ਜਾਨ ਲੈ ਲਵੇ... (ਗੱਲ ਬਦਲ ਕੇ) ਹਾਂ ਪੁੱਤਰਾ, ਤੇਰੇ ਬਾਪੂ ਨੇ ਜੋ ਤੇਰੇ ਤੇ ਦੀਪੀ ਦੇ ਫ਼ੈਸਲੇ ਬਾਰੇ ਦੱਸਿਆ, ਮੈਨੂੰ ਤਾਂ ਚਾਅ ਚੜ੍ਹ ਗਿਆ ਏ ਪਰ ਇਕ ਗੱਲ ਦੱਸ ਦੇਵਾਂ ਕਿ ਕਾਹਲ ਨਹੀਂ ਕਰਨੀ, ਦੋਨੋਂ ਜਿੰਨਾ ਪੜ੍ਹ ਸਕੋ ਪੜ੍ਹਨਾ, ਸਾਡੀਆਂ ਬਹੁਤ ਸਾਰੀਆਂ ਆਸਾਂ ਤੇਰੇ 'ਤੇ ਨੇ। ਦੀਪੀ ਤੇਰੇ ਨਾਲ ਹੋਵੇਗੀ ਤਾਂ ਫਿਕਰ ਵੀ ਕੋਈ ਨਹੀਂ। ਚੱਲ ਉੱਠ ਰੋਟੀ ਦੇਵਾਂ, ਇਹ ਗੱਲਾਂ ਤਾਂ ਮੁੱਕਣੀਆਂ ਨਹੀਂ।

*(ਬੀਬੀ ਜਾਂਦੀ ਹੈ)*

ਹਰਨੇਕ : ਬੀਬੀ ਕਹਿੰਦੀ ਏ, ਸਾਰੀਆਂ ਆਸਾਂ ਸਾਡੇ 'ਤੇ ਨੇ। ਬੀਬੀ ਦਾ, ਬਾਪੂ ਦਾ, ਚਾਚੇ ਦਾ ਅਸ਼ੀਰਵਾਦ ਰਿਹਾ ਤਾਂ ਅਸੀਂ ਆਸਾਂ ਜ਼ਰੂਰ ਪੂਰੀਆਂ ਕਰਾਂਗੇ।

*(ਗੁਣਗੁਣਾਉਂਦਾ ਹੈ।)*

ਅਸੀਂ ਮਿਲ ਕੇ ਚੱਲੇ ਹਾਂ ਸਾਥੀ,
ਹਰ ਮੁਸ਼ਕਿਲ ਸਰ ਕਰਾਂਗੇ।
ਮੰਜ਼ਿਲ ਚਲ ਕੇ ਆਏਗੀ ਕੋਲ ਸਾਡੇ,
ਮਿਲ ਕੇ ਜਦੋਂ ਸਫ਼ਰ ਕਰਾਂਗੇ।

## ਝਾਕੀ–2

(ਚਾਚਾ ਅਰਜਨ ਤੇ ਕਿਹਰ ਸਿੰਘ ਗੱਲਾਂ ਕਰਦੇ ਆਉਂਦੇ ਹਨ।)

ਅਰਜਨ : ਹਰ ਵੇਲੇ ਹੀਂ ਹੀਂ ਕਰਦਾ ਰਿਹਾ ਕਰ, ਸਗੋਂ ਠਹਾਕਾ ਮਾਰ ਕੇ ਹੱਸਿਆ ਵੀ ਕਰ, ਜਿਸ ਤਰ੍ਹਾਂ ਅੱਗੇ ਹੱਸਿਆ ਕਰਦਾ ਸੀ।

ਕਿਹਰ ਸਿੰਘ : ਆਹੋ ਤੈਨੂੰ ਗੱਲਾਂ ਆਉਂਦੀਆਂ ਨੇ ਅਰਜਨਾ, ਤੂੰ ਕਿਹੜਾ ਬੈਂਕ ਵਾਲਿਆਂ ਦਾ ਜਾਂ ਸ਼ਾਹ ਹੁਰਾਂ ਦਾ ਪੈਸਾ ਦੇਣਾ ਏ। ਤੂੰ ਤਾਂ ਪਿੰਡ ਹੀ ਛੱਡ ਗਿਆ।

ਅਰਜਨ : ਕਿਸੇ ਵੇਲੇ ਬਾਈ ਸ਼ਾਹਾਂ ਦੀ ਵਹੀ ਤੇ ਗੂਠਾ ਜ਼ਰੂਰ ਲਾਇਆ ਸੀ, ਪਰ ਹੁਣ ਨਹੀਂ। ਬਾਕੀ ਰਹੀ ਪਿੰਡ ਦੀ ਗੱਲ, ਮੈਂ ਛੱਡ ਕੇ ਨਹੀਂ ਸੀ ਜਾਣਾ ਪਰ ਦੀਪੀ ਦੀ ਪੜ੍ਹਾਈ ਨੇ ਹੀ ਮਜ਼ਬੂਰ ਕੀਤਾ।

ਕਿਹਰ ਸਿੰਘ : ਲੈ ਦੀਪੀ ਨੇ ਤਾਂ ਅਰਜਨਾ ਹੱਦ ਕਰ ਦਿੱਤੀ। ਇਨੇ ਚੰਗੇ ਨੰਬਰ ਲਏ... ਉਂਝ ਹਰਨੇਕ ਦੇ ਵੀ ਭਾਵੇਂ ਚੰਗੇ ਆਏ ਨੇ ਪਰ ਦੀਪੀ ਤੋਂ ਥੋੜ੍ਹੇ ਨੇ। ਸ਼ਾਬਾਸ਼ ਬਈ ਕੁੜੀ ਦੇ। ਮਰ ਜਾਣੀ ਨਿੱਕੇ ਹੁੰਦਿਆਂ ਤੋਂ ਬਾਹਲ੍ਹੀ ਹੁਸ਼ਿਆਰ ਸੀ।

ਅਰਜਨ : ਹਾਂ ਬਈ ਮੈਂ ਤੇਰੇ ਨਾਲ ਇਕ ਗੱਲ ਕਰਨ ਆਇਆ ਹਾਂ।

ਕਿਹਰ ਸਿੰਘ : ਮੈਨੂੰ ਹਰਨੇਕ ਨੇ ਦੱਸਿਆ ਏ।

ਅਰਜਨ : ਕੀ ਦੱਸਿਆ ਏ ? ਆਹੋ ਦੱਸਿਆ ਹੋਣਾ ਏ ਜੋ ਦੀਪੀ ਨੇ ਮੈਨੂੰ ਦੱਸਿਆ ਏ। ਇਹ ਮੁੰਡੇ ਕੁੜੀਆਂ ਝੱਲੀਆਂ ਗੱਲਾਂ ਕਰਦੇ ਨੇ ਅਖੇ ਅਸੀਂ ਜੀਵਨ ਸਫ਼ਰ ਇਕੱਠਿਆਂ ਕਰਨਾ ਏ। ਮੈਂ ਕਿਹਾ ਨਲੀ ਪੂੰਝਣੀ ਆਉਂਦੀ ਨਹੀਂ, ਸਫ਼ਰ ਲਈ ਗੱਡੀ ਚੜ੍ਹਣ ਦੀ ਪਹਿਲੇ ਤਿਆਰੀ ਕਰ ਲਈ। ਬਾਈ, ਤੈਨੂੰ ਇਹ ਰਿਸ਼ਤਾ ਮਨਜ਼ੂਰ ਏ, ਜੇ ਨਹੀਂ ਮਨਜ਼ੂਰ ਤਾਂ ਸਾਫ਼ ਕਹਿ ਦੇਵੀਂ, ਸਾਡੀ ਦੋਸਤੀ ਵਿਚ ਫਰਕ ਨਹੀਂ ਆਉਣਾ ਚਾਹੀਦਾ।

*(ਭਾਨ ਕੌਰ ਆਉਂਦੀ ਹੈ।)*

ਭਾਨ ਕੌਰ : ਲੈ ਭਰਾਵਾ, ਜੇ ਮੁੰਡਾ-ਕੁੜੀ ਰਾਜ਼ੀ ਨੇ ਤਾਂ ਅਸੀਂ ਕੌਣ ਹਾਂ ਨਾਂਹ ਕਰਨ ਵਾਲੇ।

ਕਿਹਰ ਸਿੰਘ : ਅਰਜਨਾ ਹੁਣ ਤਾਂ ਸਭ ਕੁਝ ਉਲਟ ਪੁਲਟ ਹੋ ਗਿਆ ਏ... ਤੂੰ ਸਗੋਂ ਪੈਸੇ ਧੇਲੇ ਵੱਲੋਂ ਸੌਖਾ, ਕਿਉਂਕਿ ਤੇਰੀ ਜ਼ਮੀਨ ਕੋਈ ਨਹੀਂ, ਮੈਂ ਔਖਾਂ ਕਿਉਂਕਿ ਮੈਂ ਜ਼ਮੀਨ ਵਾਲਾ। ਸਭ ਕੁਝ ਉਲਟ ਪੁਲਟ ਹੋ ਗਿਆ।

ਅਰਜਨ : ਬਾਈ, ਮੈਨੂੰ ਤੇਰੇ ਦੁੱਖ ਦਾ ਪਤਾ ਏ ਪਰ ਹਮੇਸ਼ਾਂ ਇਹ ਸਮੇਂ ਨਹੀਂ ਰਹਿਣੇ। ਬੜੀ ਔਖੀ ਜ਼ਿੰਦਗੀ ਵਿਚ ਕੁਝ ਸੁਖਾਵੀਆਂ ਗੱਲਾਂ ਵੀ ਜ਼ਰੂਰ ਹੁੰਦੀਆਂ ਨੇ।

ਭਾਨ ਕੌਰ : ਆਹੋ ਭਰਾਵਾ, ਅੱਗੇ ਕਿਹੜਾ ਔਖਿਆਈ ਨਹੀਂ ਵੇਖੀ ਕਦੇ ? ਜਦੋਂ ਮੰਡੀ ਵਾਲਾ ਸ਼ਾਹ ਕਰਜ਼ੇ ਦੇ ਬਦਲੇ ਜ਼ਮੀਨ ਦੇ ਕਾਗਜ਼ਾਂ 'ਤੇ ਦਸਖ਼ਤ ਕਰਵਾ ਕੇ ਲੈ ਗਿਆ, ਉਹਦੇ ਤੋਂ ਔਖੀ ਘੜੀ ਕੀ ਹੋ ਸਕਦੀ ਸੀ ? ਉਸ ਵੇਲੇ ਤੁਸੀਂ ਦੋਵੇਂ ਸਿਰ ਸੁੱਟ ਕੇ ਬਹਿ ਗਏ ਸੀ।

ਅਰਜਨ : ਪਰ ਭਾਬੀ ਜੇ ਹੁਣ ਲੋੜ ਪਈ ਤਾਂ ਸਵਾਲ ਕਰਨੋਂ ਨਾ ਝਿਜਕਣਾ।

ਕੁਝ ਨਾ ਕੁਝ ਬੰਦੋਬਸਤ ਰੱਲ ਕੇ ਜ਼ਰੂਰ ਕਰਾਂਗੇ।

ਕਿਹਰ ਸਿੰਘ : ਅਰਜਨਾ, ਜੇਕਰ ਅਸੀਂ ਇਹ ਰਿਸ਼ਤਾ ਜੋੜਾਂਗੇ ਤਾਂ ਜੱਗ ਨਾਲੋਂ ਵੱਖਰੀ ਹੋਵੇਗੀ। ਲੋਕ ਗੱਲਾਂ ਤਾਂ ਕਰਨਗੇ ਹੀ।

ਅਰਜਨ : ਬਾਈ ਜੇ ਜੱਗ ਨਾਲੋਂ ਕੁਝ ਗੱਲਾਂ ਵੱਖਰੀਆਂ ਹੋਣਗੀਆਂ ਤਾਂ ਹੀ ਇਹ ਸਾਰਾ ਵਰਤਾਰਾ ਬਦਲੇਗਾ। ਉਂਞ ਵੇਖਿਆ ਜਾਵੇ ਤਾਂ ਭਲਾ ਇਸ ਵਰਤਾਰੇ ਵਿਚ ਹੈ ਕੀ ? ਜਿਹੜਾ ਇਹਦੇ ਨਾਲ ਚੰਬੜੇ ਰਹੀਏ। ਪਿੰਡ ਵਿਚ ਤਾਂ ਬਹੁਤਾ ਪਤਾ ਨਹੀਂ ਲਗਦਾ, ਪਰ ਮੰਡੀ ਜਾ ਕੇ ਮੈਨੂੰ ਇਸ ਸਾਰੇ ਵਰਤਾਰੇ ਦਾ ਪਤਾ ਲੱਗਿਆ ਏ। ਏਨੀ ਲੁੱਟ ? ਮੇਹਨਤ ਕਰਨ ਵਾਲਾ ਥੱਲੇ ਹੀ ਥੱਲੇ ਤੇ ਜਿਹੜੇ ਕੁਝ ਨਹੀਂ ਕਰਦੇ ਉਹ ਉੱਤੇ ਹੀ ਉੱਤੇ। ਗਰੀਬ ਲਈ ਇਹ ਵਰਤਾਰਾ ਬੜਾ ਜ਼ਾਲਮ ਏ। ਪਰ ਇਹਦੇ ਨਾਲ ਹੁਣ ਮੈਂ ਇਹ ਵੀ ਜਾਣ ਗਿਆ ਹਾਂ ਕਿ ਇਹ ਲੁੱਟ ਖਤਮ ਕੀਤੀ ਜਾ ਸਕਦੀ ਏ, ਜੇ ਲੁੱਟੇ ਜਾਣ ਵਾਲੇ ਇਕੱਠੇ ਹੋ ਜਾਣਗੇ।

ਕਿਹਰ ਸਿੰਘ : ਹੁਣ ਅਰਜਨਾ, ਤੂੰ ਵੀ ਪੂਰੇ ਕਾਮਰੇਡਾਂ ਵਾਲੀਆਂ ਗੱਲਾਂ ਕਰਨ ਲੱਗ ਪਿਆ ਏ। ਅਗੇ ਤਾਂ ਹਮੇਸ਼ਾਂ ਇਹੋ ਕਹਿੰਦਾ ਸੀ ਕਿ ਕਾਮਰੇਡ ਐਵੇਂ ਭਕਾਈ ਮਾਰਦੇ ਨੇ ਭਲਾ ਗਰੀਬ ਆਦਮੀ ਦਾ ਪਾੜ ਵੀ ਕਦੀ ਮੁੱਕ ਸਕਦਾ ਏ ?

ਅਰਜਨ : ਹਾਂ ਬਈ ਤੂੰ ਠੀਕ ਕਹਿੰਨਾ ਏ ਹੁਣ ਮੇਰੀ ਸੋਚ ਬਦਲ ਗਈ ਏ, ਮੈਂ ਸਮਝਦਾ ਹਾਂ ਕਿ ਇਹ ਪਾੜਾ ਮੁੱਕ ਸਕਦਾ ਏ, ਸਿਰਫ਼ ਇਕ ਇਰਾਦਾ ਚਾਹੀਦਾ ਏ। ਹੁਣ ਆਪਣੇ ਮੁੰਡੇ-ਕੁੜੀ ਦੀ ਮਿਸਾਲ ਹੀ ਲੈ ਲਵੋ। ਇਨ੍ਹਾਂ ਜਦੋਂ ਗੱਲ ਕੀਤੀ ਤਾਂ ਮੈਂ ਸੋਚਿਆ ਕੀ ਭਲਾ ਇਹ ਵੀ ਕਦੀ ਹੋ ਸਕਦਾ ਹੈ, ਪਰ ਹੁਣ ਮੈਂ ਸੋਚਦਾ ਹਾਂ ਕਿ ਕਿਉਂ ਨਹੀਂ ਹੋ ਸਕਦਾ ? ਹੋ ਸਕਦੈ ਬਈ ਹੋ ਸਕਦੈ।

ਕਿਹਰ ਸਿੰਘ : ਅਰਜਨਾ ਜਦੋਂ ਦੀਪੀ ਦੀ ਮਾਂ ਮਰੀ ਤਾਂ ਭਾਨ ਕੌਰ ਨੇ ਕਈ ਵਾਰੀ ਮੈਨੂੰ ਕਿਹਾ ਕਿ ਅਸੀਂ ਕੁੜੀ ਨੂੰ ਆਪਣੇ ਕੋਲ ਰੱਖ ਲੈਂਦੇ ਹਾਂ, ਪਰ ਮੈਨੂੰ ਤੇਰੇ ਨਾਲ ਗੱਲ ਕਰਨ ਦਾ ਹੌਂਸਲਾ ਨਾ ਪਿਆ ਕਿਉਂਕਿ ਤੇਰੇ ਕੋਲ ਵੀ ਤਾਂ ਦੀਪੀ ਬਿਨਾਂ ਹੋਰ ਕੌਣ ਸੀ ?

ਅਰਜਨ : ਬਾਈ ਜ਼ਿੰਦਗੀ ਦੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ ਜ਼ਿੰਦਗੀ ਦੇ ਵੱਡੇ-ਵੱਡੇ ਸਬਕ ਦੇਂਦੀਆਂ ਹਨ। ਇਰਾਦਾ ਬੜੀ ਚੀਜ਼ ਹੁੰਦੀ ਐ, ਹੁਣ ਤੂੰ ਦੀਪੀ ਤੇ ਹਰਨੇਕ ਵੱਲ ਹੀ ਵੇਖ ਲੈ, ਜੇ ਇਹ ਨਾਤਾ ਜੋੜਣ ਦਾ ਇਰਾਦਾ ਕਰ ਸਕਦੇ ਨੇ ਤਾਂ ਅਸੀਂ ਵੀ ਮੰਨ ਗਏ ਹਾਂ। ਇਸੇ ਤਰ੍ਹਾਂ ਹੋਰ ਵੀ ਬਹੁਤ ਕੁਝ ਹੋ ਸਕਦਾ ਏ।

ਕਿਹਰ ਸਿੰਘ : ਹੋ ਸਕਦਾ ਏ, ਹੋ ਕਿਉਂ ਨਹੀਂ ਸਕਦਾ। ਅੱਛਾ ਅਰਜਨ, ਮੈਂ ਸਰਪੰਚ ਵੱਲ ਜਾਣਾ ਏ, ਹੋ ਆਵਾਂ, ਤੂੰ ਜਾਣਾ ਨਹੀਂ, ਅੱਜ ਰਾਤ ਇਥੇ ਹੀ ਰਹਿਣਾ ਏ।

ਅਰਜਨ : ਅੱਜ ਮੈਂ ਪਿੰਡ ਹੀ ਰਹਿਣਾ ਏ ਦੀਪੀ ਅੱਜ ਕਾਲਜ ਦੀਆਂ ਕੁੜੀਆਂ ਨਾਲ ਕੈਂਪ ਗਈ ਹੋਈ ਏ, ਮੈਨੂੰ ਵਾਪਸ ਜਾਣ ਦੀ ਕਾਹਲ ਨਹੀਂ। ਸਾਕ ਸਬੰਧੀਆਂ ਨੂੰ ਵੀ ਮਿਲਣਾ ਏ। ਉਂਝ ਬਾਈ ਮੈਂ ਵੀ ਤੇਰੇ ਨਾਲ ਚਲਿਆ ਜਾਂਦਾ, ਸਰਪੰਚ ਨੂੰ ਫਤਿਹ ਬੁਲਾ ਆਵਾਂਗਾ। ਨਾਲੇ ਕੁਝ ਸ਼ਹਿਰ ਦੀਆਂ ਗੱਲਾਂ ਸੁਣ ਆਵਾਂਗਾ।

ਭਾਨ ਕੌਰ : ਸ਼ਹਿਰ ਦੀਆਂ ਗੱਲਾਂ ਤਾਂ ਭਰਾਵਾ ਮੈਂ ਤੇਰੇ ਕੋਲ ਸੁਣਨੀਆਂ ਨੇ, ਕਿੰਨਾ ਹੀ ਚਿਰ ਹੋ ਗਿਆ ਏ ਮੰਡੀ ਗਿਆਂ।

ਅਰਜਨ : ਚੰਗਾ ਭਾਬੀ ਚੰਗਾ...

*(ਕਿਹਰ ਸਿੰਘ ਜਾਂਦਾ ਹੈ।)*

ਭਾਨ ਕੌਰ : ਅਰਜਨਾ, ਦੀਪੀ ਨੂੰ ਕਵੀਂ ਕਿਸੇ ਛੁੱਟੀ ਵਾਲੇ ਦਿਨ ਆਵੇ, ਅੱਗੇ ਤਾਂ ਚਾਚੀ ਚਾਚੀ ਕਹਿੰਦੀ ਚੌਂਕੇ ਵਿਚੋਂ ਨਹੀਂ ਨਿਕਲਦੀ ਸੀ।

ਅਰਜਨ : ਆਵੇਗੀ ਜ਼ਰੂਰ ਆਵੇਗੀ, ਇਹ ਘਰ ਤਾਂ ਹਮੇਸ਼ਾਂ ਉਹਦਾ ਆਪਣਾ ਹੀ ਰਿਹਾ ਏ।

*(ਹਰਨੇਕ ਆਉਂਦਾ ਹੈ)*

ਹਰਨੇਕ : ਤੇ ਚਾਚਾ ਅਸੀਂ ਜਲਦੀ ਹੀ ਪਿੰਡ ਵਿਚ ਤਰਕਸ਼ੀਲਾਂ ਦਾ ਮੇਲਾ ਕਰ ਰਹੇ ਹਾਂ, ਉਸ ਦਿਨ ਤੂੰ ਵੀ ਆਉਣਾ ਏ ਤੇ ਦੀਪੀ ਨੇ ਵੀ।

ਭਾਨ ਕੌਰ : ਤਰਕਸ਼ੀਲਾਂ ਦੇ ਮੇਲੇ 'ਤੇ ਕੀ ਹੋਵੇਗਾ ? ਕੋਈ ਗਾਉਣ ਵਾਲੀ ਆਵੇਗੀ ?

ਹਰਨੇਕ : ਨਹੀਂ ਬੀਬੀ, ਗਾਉਣ ਵਾਲੀ ਨਹੀਂ ਆਵੇਗੀ, ਸਗੋਂ ਮੇਲੇ ਵਿਚ ਵਹਿਮਾ-ਭਰਮਾਂ ਦੇ ਵਿਰੁੱਧ ਵੀ ਗੱਲ ਹੋਵੇਗੀ ਤੇ ਨਾਲ ਇਹ ਵੀ ਗੱਲਾਂ ਹੋਣਗੀਆਂ ਕਿ ਗਰੀਬ ਬੰਦਿਆਂ ਦੀ ਗਰੀਬੀ ਇਸ ਕਰਕੇ ਨਹੀਂ ਕਿ ਉਨ੍ਹਾਂ ਨੇ ਪਿਛਲੇ ਜਨਮਾਂ ਵਿਚ ਕੋਈ ਪਾਪ ਕੀਤਾ ਏ, ਸਗੋਂ ਇਸ ਕਰਕੇ ਹੈ ਕਿ ਦੇਸ਼ ਵਿਚ ਇਕ ਗਰੀਬ ਦੁਸ਼ਮਣ ਵਰਤਾਰਾ ਚੱਲ ਰਿਹਾ ਹੈ ਅਤੇ ਇਹ ਵਰਤਾਰਾ ਬਦਲਣ ਅਦੇ ਬਰਾਬਰੀ ਵਾਲਾ ਵਰਤਾਰਾ ਲਿਆਉਣਾ ਅੱਜ ਹਰ ਸੋਚਣ ਵਾਲੇ ਦਾ ਫਰਜ਼ ਏ।

ਭਾਨ ਕੌਰ : ਅੱਛਾ-ਅੱਛਾ ਠੀਕ ਏ, ਮੈਂ ਤੁਹਾਡੇ ਲਈ ਚਾਹ ਧਰਦੀ ਹਾਂ।

ਹਰਨੇਕ : ਬੀਬੀ ਪਾਣੀ ਥੋੜਾ ਵੱਧ ਰੱਖ ਲਵੀਂ, ਕੁਲਵੰਤ ਹੋਰੀ ਵੀ ਸ਼ਾਇਦ ਆ ਜਾਣ... ਕੱਲ੍ਹ ਕਿਸਾਨਾਂ ਦਾ ਜਥਾ ਪਿੰਡ ਵਿਚੋਂ ਲੰਘਣਾ ਏ, ਉਹਦੇ ਸਵਾਗਤ ਬਾਰੇ ਸਲਾਹ ਕਰਨੀ ਏ, ਵੱਧ ਤੋਂ ਵੱਧ ਇਕੱਠ

ਕਰਨਾ ਏ।

ਭਾਨ ਕੌਰ : ਚੰਗਾ। (ਹਰਨੇਕ ਬੈਠਦਾ ਹੈ।)

ਅਰਜਨ : ਕਿਉਂ ਹਰਨੇਕ ਤੇਰੀ ਪੜ੍ਹਾਈ ਦਾ ਕੀ ਹਾਲ ਏ ਬਈ, ਤੁਹਾਡੀ ਯੂਨੀਅਨ ਕਿਸ ਤਰ੍ਹਾਂ ਚਲਦੀ ਏ ? ਮੁੰਡੇ ਆਪਣੇ ਭਵਿੱਖ ਬਾਰੇ ਵੀ ਕੁਝ ਸੋਚਦੇ ਨੇ ਕਿ ਦਲੇਰ ਮਹਿੰਦੀ ਵਾਂਗ ਤਾਰਾ-ਰਾ 'ਤੇ ਨੱਚਦੇ ਰਹਿੰਦੇ ਨੇ।

ਹਰਨੇਕ : ਚਾਚਾ ਨੱਚਣ ਵਾਲੇ ਤਾਂ ਨੱਚਦੇ ਨੇ, ਪਰ ਸੋਚਣ ਵਾਲੇ ਸੋਚਦੇ ਨੇ।

ਅਰਜਨ : ਸੋਚਣਾ ਹੀ ਚਾਹੀਦਾ ਏ, ਅਸੀਂ ਤਾਂ ਪੜ੍ਹ ਨਾ ਸਕੇ ਪਰ ਤੁਸੀਂ ਏਨੀਆਂ ਕਿਤਾਬਾਂ ਪੜ੍ਹਦੇ ਹੋ ਚੰਗੀ ਜ਼ਿੰਦਗੀ ਲਈ ਆਪਣੇ ਦਿਮਾਗ ਵਿਚ ਕੁਝ ਨਕਸ਼ਾ ਬਣਾਓ, ਕੁਝ ਸੁਪਨੇ ਲਵੋ ਤੇ ਫੇਰ ਉਹਦੇ ਲਈ ਸੰਘਰਸ਼ ਕਰੋ। ਦੀਪੀ ਨਾਲ ਵੀ ਮੈਂ ਇਹੀ ਗੱਲਾਂ ਕਰਦਾ ਹਾਂ। ਇਹ ਤਾਂ ਚੰਗਾ ਹੋਇਆ ਹੈ ਕਿ ਤੁਸੀਂ ਸਾਂਝ ਪਾ ਲਈ ਏ। ਦੀਪੀ ਦੱਸਦੀ ਸੀ ਕਿ ਕੁਝ ਪ੍ਰੋਫੈਸਰ ਵੀ ਗੱਲਾਂ ਕਰਦੇ ਨੇ, ਅਖੇ ਸੀਰੀ ਦੀ ਕੁੜੀ ਜੱਟਾਂ ਦੇ ਮੁੰਡੇ ਨਾਲ ਪਿਆਰ ਕਰਦੀ ਏ।

ਹਰਨੇਕ : ਆਹੋ ਚਾਚਾ, ਲੰਘਦੇ ਹੋਏ ਮੁੰਡੇ, ਜਿਨ੍ਹਾਂ ਵਿਚ ਬਹੁਤੇ ਵੱਡਿਆਂ ਦੇ ਕਾਕੇ ਨੇ, ਉਹ ਵੀ ਗੱਲਾਂ ਕਰਦੇ ਨੇ।

ਅਰਜਨ : ਫੇਰ ?

ਹਰਨੇਕ : ਅਸੀਂ ਨਹੀਂ ਪ੍ਰਵਾਹ ਕਰਦੇ।

ਅਰਜਨ : ਨਹੀਂ ਕਰਨੀ ਚਾਹੀਦੀ। ਉਹ ਗੱਲਾਂ ਕਰਨੀਆਂ ਤਾਂ ਹੀ ਬੰਦ ਕਰਨਗੇ ਜੇ ਤੁਸੀਂ ਪ੍ਰਵਾਹ ਨਹੀਂ ਕਰੋਗੇ। ਮਿਲੋਗੇ, ਗੱਲਾਂ ਕਰੋਗੇ, ਛੁੱਪ-ਛੁੱਪ ਕੇ ਨੁੱਕਰਾਂ ਵਿਚ ਨਹੀਂ। ਸਗੋਂ ਸ਼ਰ੍ਹੇਆਮ... ਭਤੀਜ ਤੁਸੀਂ ਜਿਸ ਮੁਲਕ ਵਿਚ ਹਾਲੇ 60 ਸਾਲ ਹੋਰ ਜਿਉਣਾ ਏ, ਵਿਚਾਰ ਬਣਾ ਕੇ ਜੀਓ, ਇਰਾਦੇ ਬਣਾ ਕੇ ਜੀਓ, ਜ਼ਿੰਦਗੀ ਐਵੇਂ ਨਹੀਂ ਬਦਲਣੀ, ਨਾਲੇ ਆਪਣੇ ਬਾਪੂ ਦਾ ਖਿਆਲ ਰੱਖੀਂ, ਖੇਤੀ ਦੇ ਲਗਾਤਾਰ ਸੰਕਟਾਂ ਤੋਂ ਉਹ ਘਬਰਾ ਗਿਆ ਲਗਦਾ ਏ।

ਹਰਨੇਕ : ਮੈਂ ਤਾਂ ਚਾਚਾ ਉਸ ਨੂੰ ਬੜਾ ਹੌਂਸਲਾ ਦਿੰਦਾ ਰਹਿੰਨਾ ਹਾਂ। ਇਹ ਕਿਸਾਨ ਜਥੇਬੰਦੀਆਂ ਦੇ ਮਾਰਚ ਵੀ ਪਿੰਡ ਵਿਚੋਂ ਉਪਰਾਲਾ ਅਸੀਂ ਇਸੇ ਲਈ ਕੀਤਾ ਹੈ ਕਿ ਕਿਸਾਨ ਸੰਘਰਸ਼ ਦੇ ਰਾਹ ਨੂੰ ਅਪਣਾਉਂਦੇ 5700 ਰਕੋੜ ਦੇ ਕਰਜ਼ੇ ਤੋਂ ਕਿਸਾਨ ਨੂੰ ਮੁਕਤ ਕਰਵਾਉਣਾ ਸਰਕਾਰ ਲਈ ਕੋਈ ਮੁਸ਼ਕਲ ਗੱਲ ਨਹੀਂ। ਜੇ ਸਰਕਾਰ ਕਰਨਾ ਚਾਹੇ, ਅਸੀਂ ਮੰਡੀ ਵਿਚ ਜਦੋਂ ਇਕੱਠੇ ਬੈਠਦੇ ਹਾਂ ਤਾਂ ਇਹੋ ਗੱਲਾਂ ਕਰਦੇ ਹਾਂ। ਇਸ ਸਰਕਾਰ ਦੇ ਸਾਰੇ ਕੰਮ ਹੀ ਪੁੱਠੇ ਨੇ। ਅਖੇ ਕਿਸਾਨਾਂ

ਦੀ ਟਿਊਬਵੈਲ ਦੀ ਬਿਜਲੀ ਮੁਆਫ਼, ਜੇ ਛੋਟਿਆਂ ਦੀ ਮੁਆਫ਼ ਕਰ ਦੇਣ ਤਾਂ ਵੀ ਕੋਈ ਆਖੇ ਬਈ ਸਰਕਾਰ ਕਮਜ਼ੋਰ ਵਰਗ ਦੀ ਮਦਦ ਕਰਨਾ ਚਾਹੁੰਦੀ ਏ। ਬਹੁਤੇ ਟਿਊਬਵੈੱਲ ਹੈਗੇ ਕਿੰਨ੍ਹਾਂ ਦੇ ਨੇ ? ਵੱਡੇ ਸਰਦਾਰਾਂ ਦੇ। ਉਨ੍ਹਾਂ ਦੇ ਬਿੱਲ ਕਿਉਂ ਮੁਆਫ਼ ਹੋਣ ਬਈ ਉਹ ਹੋਰ ਸਾਰੇ ਖਰਚ ਕਰਦੇ ਨੇ, ਕਾਰਾਂ ਚਲਾਉਂਦੇ ਨੇ। ਚੰਡੀਗੜ੍ਹ ਵਿਚ ਕੋਠੀਆਂ ਪਾਉਂਦੇ ਨੇ, ਹੋਟਲਾਂ ਵਿਚ ਅਯਾਸ਼ੀ ਕਰਦੇ ਨੇ, ਨੰਗੀਆਂ ਕੁੜੀਆਂ ਦੇ ਨਾਚ ਵੇਖਦੇ ਨੇ। ਭਲਾ ਉਹ ਟਿਊਬਵੈੱਲ ਦੀ ਬਿਜਲੀ ਦੇ ਬਿੱਲ ਕਿਉਂ ਨਹੀਂ ਦੇ ਸਕਦੇ ? ਬਿਜਲੀ ਮੁਫ਼ਤ ਤਾਂ ਪੈਦਾ ਹੁੰਦੀ ਨਹੀਂ। ਭਲਾ ਬਿਜਲੀ ਕੋਈ ਕੜਾਹ ਪ੍ਰਸ਼ਾਦ ਦੇ ਗੱਫੇ ਨੇ ਕਿ ਮੁਫ਼ਤ ਵੰਡੀ ਜਾਓ।

ਹਰਨੇਕ : ਚਾਚਾ, ਆਪਣੇ ਅਕਾਲੀ ਵੀਰਾਂ ਦਾ ਖਿਆਲ ਏ ਕਿ ਜੇਕਰ ਕੜਾਹ ਪ੍ਰਸ਼ਾਦ ਦੇ ਗੱਫੇ ਹਰ ਇਕ ਨੂੰ ਮੁਫ਼ਤ ਵੰਡੇ ਜਾ ਸਕਦੇ ਨੇ ਤਾਂ ਬਿਜਲੀ ਕਿਉਂ ਨਹੀਂ ਮੁਫ਼ਤ ਵੰਡੀ ਜਾ ਸਕਦੀ।

ਅਰਜਨ : ਗੱਫਿਆਂ ਦਾ ਯੁੱਧ ਵੀ ਛਿੜਿਆ ਹੋਇਆ ਏ ਅਕਾਲੀਆਂ ਦਾ ਆਪਸ ਵਿਚ। ਵੇਖੀਂ ਇਹਨੇ ਵੀ ਕਿਸੇ ਨਾ ਕਿਸੇ ਨੂੰ ਲੈ ਡੁੱਬਣਾ ਏ।

*(ਬਾਹਰੋਂ ਅਵਾਜ਼... "ਹਰਨੇਕ ਘਰੇਂ ਹੀ ਏਂ")*

ਅਰਜਨ : ਲੈ ਤੇਰੇ ਸਾਥੀ ਆ ਗਏ, ਤੁਸੀਂ ਬਹਿ ਕੇ ਸਲਾਹ ਕਰੋ ਮੈਂ ਵੀ ਪਿੰਡ ਵੱਲ ਗੇੜਾ ਮਾਰ ਆਵਾਂ।

ਹਰਨੇਕ : ਪਰ ਚਾਚਾ ਬੀਬੀ ਨੇ ਚਾਹ ਰੱਖੀ ਹੋਈ ਏ।

ਅਰਜਨ : ਉਹ ਤੁਸੀਂ ਪੀਣੀ, ਮੈਂ ਹਾਲੇ ਕਈ ਘਰਾਂ 'ਚ ਜਾਣਾ ਏ ਤੇ ਹਰ ਘਰ ਚਾਹ ਵੀ ਜ਼ਰੂਰ ਪੀਣੀ ਏ। ਕੱਲ੍ਹ ਕਿਸਾਨ ਮਾਰਚ ਆ ਰਿਹਾ ਏ ਉਹਦਾ ਨਾਅਰਾ ਹੈ.. ਸੰਘਰਸ਼ ਹੀ ਹਰ ਮੁਸ਼ਕਲ ਦਾ ਰਾਹ ਹੈ। ਤੇ ਮੇਰਾ ਵੀ ਇਹੋ ਨਾਅਰਾ ਹੈ।

*(ਜਾਂਦੇ ਹੋਏ, ਹਰਨਕੇ ਵੀ ਪਿਛੇ ਜਾਂਦਾ ਹੈ। ਫੇਡ ਆਊਟ)*

*(ਅੰਤਿਕਾ)*

ਕਿਹਰ ਸਿੰਘ : (ਆਪਣੇ ਆਪ ਨਾਲ) ਕਿਹਰ ਸਿਆਂ, ਇਸ ਬਦਨਾਮੀ ਤੋਂ ਬਾਅਦ ਜੀਉਣ ਦਾ ਕੀ ਫਾਇਦਾ ?

ਅਵਾਜ਼ : ਕੀ ਤੂੰ ਆਪਣੀ ਜ਼ਿੰਦਗੀ ਨੂੰ ਖਤਮ ਕਰ ਲਵੇਂਗਾ ?

ਕਿਹਰ ਸਿੰਘ : ਹਾਂ, ਮੈਂ ਖਤਮ ਕਰ ਲਵਾਂਗਾ, ਮੈਂ ਹਾਰ ਗਿਆ ਹਾਂ, ਮੈਂ ਹਾਰ ਗਿਆ ਹਾਂ।

ਅਵਾਜ਼ : ਕੀ ਇਹ ਦਿਨ ਤੇਰੇ ਉੱਤੇ ਪਹਿਲੀ ਵਾਰ ਆਏ ਨੇ ?

ਕਿਹਰ ਸਿੰਘ : ਨਹੀਂ, ਬੜੀ ਵਾਰ ਆਏ, ਹੜ੍ਹ ਆਏ, ਖੜੀ ਫ਼ਸਲ ਰੋੜ ਕੇ ਲੈ ਗਏ,

ਵੇਖਦਾ ਰਿਹਾ, ਗੜ੍ਹੇ ਪਏ, ਫ਼ਸਲ ਤਬਾਹ ਹੋ ਗਈ, ਕੋਈ ਸ਼ਿਕਾਇਤ ਨਾ ਕੀਤੀ, ਜੇ ਕੀਤੀ ਵੀ ਤਾਂ ਸਿਰਫ਼ ਆਪਣੀ ਕਿਸਮਤ ਨਾਲ। ਮੂੰਹ ਉੱਤੇ ਚੁੱਕ ਕੇ ਕਿਹਾ, ਡਾਢਿਆ ਕਿਉਂ ਇਮਤਿਹਾਨ ਲੈਂਦਾ ਏ ਸਾਡਾ, ਪਰ ਹੁਣ...

ਅਵਾਜ਼ : ਪਰ ਹੁਣ ਕੀ ?

ਕਿਹਰ ਸਿੰਘ : ਮੈਂ ਹਾਰ ਗਿਆ ਹਾਂ, ਅੱਜ ਸਰਪੰਚ ਦੇ ਘਰ ਜੋ ਹੋਈ ਉਸ ਤੋਂ ਵੱਧ ਨਹੀਂ ਹੋ ਸਕਦੀ, ਮੈਂ ਹਾਰ ਗਿਆ ਹਾਂ।

*(ਜ਼ਹਿਰ ਦੀ ਪੁੜੀ ਜ਼ਬਾਨ 'ਤੇ ਰੱਖਣ ਲੱਗਦਾ ਹੈ ਤਾਂ ਹਰਨੇਕ, ਅਰਜਨ ਤੇ ਭਾਨ ਕੌਰ ਆ ਜਾਂਦੇ ਹਨ। ਅਰਜਨ ਹੱਥ ਮਾਰ ਕੇ ਸੁੱਟ ਦੇਂਦਾ ਹੈ। ਕੁਝ ਚਿਰ ਬਿਲਕੁਲ ਸਨਾਟਾ ਛਾ ਜਾਂਦਾ ਹੈ। ਕਿਹਰ ਸਿੰਘ ਖਾਲੀ ਖਾਲੀ ਪ੍ਰਭਾਵ ਨਾਲ ਵੇਖੀ ਜਾਂਦਾ ਹੈ।*

ਹਰਨੇਕ : ਚਾਚਾ...

ਅਰਜਨ : ਘਬਰਾ ਨਾ ਸਭ ਠੀਕ ਹੋ ਜਾਵੇਗਾ।

ਹਰਨੇਕ : ਪਰ ਬਾਪੂ ਇਹ ਕਿਉਂ ਕਰਨ ਲੱਗਾ ਸੀ ?

ਅਰਜਨ (ਉਸ ਨੂੰ ਹੌਂਸਲਾ ਦਿੰਦਾ ਹੋਇਆ) ਹਰਨੇਕ ਤੇਰਾ ਬਾਪੂ ਉਸ ਪੀੜ੍ਹੀ ਦਾ ਏ, ਜਿਸ ਨੇ ਇਮਾਨਦਾਰੀ ਨਾਲ, ਹੌਂਸਲ ਨਾਲ ਜ਼ਿੰਦਗੀ ਦੀ ਹਰ ਤਕਲੀਫ ਸਹੀ, ਕਿਸੇ ਹੋਰ ਨਾਲ ਸ਼ਿਕਾਇਤ ਨਾ ਕੀਤੀ, ਜੇ ਕੀਤੀ ਵੀ ਤਾਂ ਸਿਰਫ਼ ਆਪਣੀ ਕਿਸਮਤ ਨਾਲ। ਜਦੋਂ ਕਿਸਮਤ ਨੇ ਸਾਥ ਨਾ ਦਿੱਤਾ ਤਾਂ ਹਾਰ ਮਨ ਲਈ। ਪਰ ਮੇਰੀ ਗੱਲ ਸੁਣ, ਤੁਹਾਡੀ ਪੀੜ੍ਹੀ ਨੇ ਹਾਰ ਨਹੀਂ ਮੰਨਣੀ ਸਗੋਂ ਤੁਹਾਡੇ ਕੋਲ ਤਾਂ ਇਕ ਸੋਚ ਏ। ਉਹ ਸੋਚ ਜੋ ਸਵਾਲ ਕਰਦੀ ਏ ਕਿ ਜਿਹੜੇ ਸਾਰਿਆਂ ਨਾਲੋਂ ਵੱਧ ਮਿਹਨਤ ਕਰਦੇ ਨੇ ਉਨ੍ਹਾਂ ਨੂੰ ਸਮਾਜ ਵਿਚ ਇਨਸਾਫ਼ ਕਿਉਂ ਨਹੀਂ ਮਿਲਦਾ ? ਤੁਸੀਂ ਸਿਰਫ਼ ਬੁੜਬੁੜ ਨਹੀਂ ਕਰਨੀ, ਸਗੋਂ ਸਮਾਜ ਦੇ ਸਮੁੱਚੇ ਦੁਸ਼ਮਨ ਨੂੰ ਪਛਾਣਨਾ ਏ। ਇਸ ਸਾਰੇ ਵਰਤਾਰੇ ਨੂੰ ਸਮਝਣਾ ਹੈ, ਜੋ ਬੁਨਿਆਦੀ ਤੌਰ 'ਤੇ ਮੇਹਨਤਕਸ਼ ਨਹੀਂ, ਸੰਘਰਸ਼ ਦੇ ਰਾਹ ਨੂੰ ਅਪਣਾਉਣਾ ਹੈ। ਤੁਸੀਂ ਹੱਥ ਚੁੱਕ ਕੇ ਆਖੋਗੇ।

ਬਹੁਤ ਅਸੀਂ ਸਹਿ ਲਿਆ, ਹੋਰ ਹੁਣ ਸਹਿਣਾ ਨਹੀਂ।
ਬਹੁਤ ਚਿਰ ਚੁੱਪ ਰਹੇ, ਚੁਪ ਹੁਣ ਰਹਿਣਾ ਨਹੀਂ।

*(ਇਹੋ ਸ਼ਬਦ ਹਰਨੇਕ ਦੁਹਰਾਉਂਦਾ ਹੈ। ਹੌਲੀ-ਹੌਲੀ ਕਿਹਰ ਸਿੰਘ ਦੁਹਰਾਉਂਦਾ ਹੈ।)*

*(ਸਮਾਪਤ)*